# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ), ਪੰਜਾਬ-ਕਮ-ਮੈਂਬਰ ਸਕੱਤਰ, ਪਿਕਟਸ

## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਚੌਥੀ ਮੰਜਿਲ, ਫੈਸ 8, ਸਅਸ ਨਗਰ (ਫੋਨ:0172-5212311)

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ।

ਪੱਤਰ ਨੰ. 2/S-ICT-2021/E190589/168277
ਮਿਤੀ 26.05.2021

**ਵਿਸ਼ਾ: ਮਿਤੀ 27.05.2021 ਨੂੰ ਸਮਾਂ ਸਵੇਰੇ 11.30 ਵਜੇ ਮਾਣਯੋਗ ਮੁੱਖ ਮੰਤਰੀ, ਪੰਜਾਬ ਦੀ ਪ੍ਰਧਾਨਗੀ ਹੇਠ ਵਿਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ - ਅਪ੍ਰੇਸ਼ਨ "ਮਿਸ਼ਨ ਫਤਿਹ 2.0" ਕੋਰੋਨਾ ਦਾ ਖਾਤਮਾ ਕਰਨ ਲਈ ਸਮੂਹ ਪੰਜਾਬ ਰਾਜ ਦੀਆਂ ਵੱਖ-ਵੱਖ 500 ਲੋਕੇਸ਼ਨਾਂ ਤੇ ਪੰਜਾਬ ਦੇ ਨੋਜਵਾਨਾਂ ਨੂੰ ਸਬੋਧਨ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਹਿਤ ਦੱਸਿਆ ਜਾਂਦਾ ਹੈ ਕਿ ਮਾਣਯੋਗ ਮੁੱਖ ਮੰਤਰੀ, ਪੰਜਾਬ ਦੁਆਰਾ ਮਿਤੀ 27.05.2021 ਨੂੰ ਸਵੇਰੇ 11.30 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਰਾਜ ਦੀਆਂ ਵੱਖ-ਵੱਖ 500 ਲੋਕੇਸ਼ਨਾਂ (ਸਕੂਲਾਂ ਦੀ ਸੂਚੀ ਨਾਲ ਨੱਥੀ) ਤੇ ਪੰਜਾਬ ਰਾਜ ਦੇ ਸਮੂਹ ਨੋਜਵਾਨਾਂ ਨਾਲ ਰੂਬਰੂ ਹੋਣਗੇ ਅਤੇ "ਮਿਸ਼ਨ ਫਤਿਹ 2.0" ਤਹਿਤ ਕੋਰੋਨਾ ਦੇ ਖਾਤਮੇ ਲਈ ਆਪਣਾ ਸੰਦੇਸ਼ ਨੋਜਵਾਨਾਂ ਨਾਲ ਸਾਂਝਾ ਕਰਨਗੇ।

2.0 ਇਸ ਪ੍ਰੋਗਰਾਮ ਸਬੰਧੀ ਮਿਤੀ 26.05.2021 ਨੂੰ ਯੁਵਕ ਸੇਵਾਵਾਂ ਵਿਭਾਗ ਵਲੋਂ 'ਡਰਾਈ ਰਨ' ਕੀਤਾ ਜਾਣਾ ਹੈ। ਸੋ ਉਕਤ ਪ੍ਰੋਗਰਾਮ ਦੇ ਤਹਿਤ ਆਪ ਜੀ ਨੂੰ ਬੇਨਤੀ ਹੈ ਕਿ ਮਿਤੀ 26.05.2021 ਨੂੰ ਇਨ੍ਹਾਂ 500 ਥਾਵਾਂ ਤੇ ਕੰਪਿਊਟਰ ਫੈਕਲਟੀਜ਼ ਦੀ ਹਾਜਰੀ ਯਕੀਨੀ ਬਣਾਈ ਜਾਵੇ। ਇੰਟਰਨੈੱਟ/ਬ੍ਰਾਡਬੈਂਡ ਸਹੂਲਤ ਸੁਚਾਰੂ ਰੂਪ ਵਿੱਚ ਚਾਲੂ ਰੱਖਣ ਲਈ ਸਬੰਧਤ ਸਕੂਲਾਂ ਦੇ ਕੰਪਿਊਟਰ ਫੈਕਲਟੀਜ਼ ਨੂੰ ਹਦਾਇਤ ਕਰ ਦਿੱਤੀ ਜਾਵੇ। ਜੇਕਰ ਇੰਟਰਨੈੱਟ ਵਿੱਚ ਕੋਈ ਖਰਾਬੀ ਆ ਰਹੀ ਹੈ ਤਾਂ ਉਸ ਨੂੰ ਸਮੇਂ ਸਿਰ ਠੀਕ ਕਰਵਾ ਲਿਆ ਜਾਵੇ।

3.0 ਇਨ੍ਹਾਂ 500 ਥਾਵਾਂ ਵਿੱਚੋਂ 05 ਥਾਵਾਂ/ਲੋਕੇਸ਼ਨਾਂ ਅਜਿਹੀਆਂ ਹਨ, ਜਿਨ੍ਹਾਂ ਉੱਤੇ ਮੁੱਖ ਮੰਤਰੀ ਜੀ ਵੱਲੋਂ 5 ਯੁਵਕ/ਯੁਵਤੀਆਂ ਨਾਲ ਸਿੱਧੇ ਤੌਰ ਤੇ ਵੀਡੀਓ ਕਾਨਫਰੰਸਿੰਗ ਰਾਹੀਂ ਲਾਈਵ Interaction Session ਕੀਤਾ ਜਾਣਾ ਹੈ। ਸੋ ਸਬੰਧਤ ਸਕੂਲਾਂ ਨੂੰ ਇਸ ਸਬੰਧੀ ਲੋੜੀਂਦਾ ਪ੍ਰਬੰਧ ਕਰਨ ਦੀ ਵੀ ਹਦਾਇਤ ਕਰ ਦਿੱਤੀ ਜਾਵੇ।

4.0 ਉਕਤ ਸਬੰਧੀ ਆਪ ਜੀ ਨੂੰ ਬੇਨਤੀ ਹੈ ਕਿ ਮਿਤੀ 26.05.2021 ਅਤੇ ਮਿਤੀ 27.05.2021 ਨੂੰ ਹੋਣ ਵਾਲੇ ਇਸ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜਨ ਲਈ ਜਿਲ੍ਹਾ ਸਹਾਇਕ ਡਾਇਰੈਕਟਰਾਂ, ਦਫਤਰ ਯੁਵਕ ਸੇਵਾਵਾਂ ਵਿਭਾਗ (ਸੂਚੀ ਨੱਥੀ) ਨਾਲ ਰਾਬਤਾ ਕਾਈਮ ਕਰਦੇ ਹੋਏ ਉਨ੍ਹਾਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਉਕਤ ਅਨੁਸਾਰ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸਿੱ.ਸੈ)**
**-ਕਮ-ਮੈਂਬਰ ਸਕੱਤਰ, ਪਿਕਟਸ, ਪੰਜਾਬ।**

**ਪਿੰਠ.ਅੰ.ਨੰ. ਉਕਤ** **ਮਿਤੀ** 26.05.2021

**ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:**

1.0 ਸਬੰਧਤ ਸਕੂਲ ਮੁਖੀ।

2.0 ਸਰਕਲ ਪ੍ਰੋਜੈਕਟ ਕੁਆਰਡੀਨੇਟਰਜ਼ (ਆਈ.ਸੀ.ਟੀ.)।

**ਡਾਇਰੈਕਟਰ ਸਿੱਖਿਆ ਵਿਭਾਗ (ਸਿੱ.ਸੈ)**
**-ਕਮ-ਮੈਂਬਰ ਸਕੱਤਰ, ਪਿਕਟਸ, ਪੰਜਾਬ।**